Australian Government



# ਸੰਭੋਗ ਨਾਲ ਹੋਣ ਵਾਲੀਆਂ ਲਾਗਾਂ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ

## ਸੰਭੋਗ ਨਾਲ ਹੋਣ ਵਾਲੀਆਂ ਲਾਗਾਂ ਕੀ ਹਨ?

ਸੰਭੋਗ ਨਾਲ ਹੋਣ ਵਾਲੀਆਂ ਲਾਗਾਂ (ਐਸ ਟੀ ਆਈਜ਼) ਉਦੋਂ ਹੁੰਦੀਆਂ ਹਨ ਜਦੋਂ ਵਾਇਰਸ, ਬੈਕਟੀਰੀਆ ਜਾਂ ਪਰਜੀਵੀ ਅਸੁਰੱਖਿਅਤ ਜਿਨਸੀ ਸੰਪਰਕ ਦੁਆਰਾ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਨੂੰ ਚਲੇ ਜਾਂਦੇ ਹਨ। ਇਸ ਵਿੱਚ ਯੋਨੀ, ਮੂੰਹ ਅਤੇ ਗੁਦਾ ਸੈਕਸ, ਅਤੇ ਚਮੜੀ ਤੋਂ ਚਮੜੀ ਦਾ ਸੰਪਰਕ ਸ਼ਾਮਲ ਹੈ।

ਕੁਝ ਐਸ ਟੀ ਆਈਜ਼ ਗਰਭ ਅਵਸਥਾ ਅਤੇ ਜਨਮ ਦੇ ਦੌਰਾਨ ਗਰਭਵਤੀ ਵਿਅਕਤੀ ਤੋਂ ਉਸਦੇ ਬੱਚੇ ਤੱਕ ਵੀ ਪਹੁੰਚ ਸਕਦੇ ਹਨ।

ਐਸ ਟੀ ਆਈਜ਼ ਵਿੱਚ ਸ਼ਾਮਲ ਹਨ:

- ਕਲੈਮੀਡੀਆ
- ਹਰਪੀਜ਼ ਸਿੰਪਲੈਕਸ ਵਾਇਰਸ
- ਗੋਨੋਰੀਆ
- ਹੈਪੇਟਾਈਟਸ ਬੀ
- ਹੈਪੇਟਾਈਟਸ ਸੀ
- ਹਿਊਮਨ ਇਮਯੂਨੋਡੇਫੀਸ਼ੀਐਂਸੀ ਵਾਇਰਸ (ਐਚ ਆਈ ਵੀ) ਦੀ ਲਾਗ
- ਹਿਊਮਨ ਪੇਪੀਲੋਮਾ ਵਾਇਰਸ (ਐਚ ਪੀ ਵੀ) ਦੀ ਲਾਗ
- ਐਮ ਪੌਕਸ (Mpox) (ਪਹਿਲਾਂ ਮੌਂਕੀਪੌਕਸ)
- ਸਿਫਿਲਿਸ।

## ਐਸ ਟੀ ਆਈ ਕਿਸਨੂੰ ਹੋ ਸਕਦੀ ਹੈ?

ਕੋਈ ਵੀ ਵਿਅਕਤੀ ਜੋ ਜਿਨਸੀ ਤੌਰ ‘ਤੇ ਸਰਗਰਮ ਹੈ, ਚਾਹੇ ਉਸਦੀ ਉਮਰ, ਲਿੰਗ, ਜਿਨਸੀ ਝੁਕਾਅ ਜਾਂ ਰਿਸ਼ਤੇ ਦੀ ਸਥਿਤੀ ਕੁੱਝ ਵੀ ਹੋਵੇ ਐਸ ਟੀ ਆਈ ਦੀ ਲਾਗ ਲਗਵਾ ਸਕਦਾ ਹੈ। ਬਹੁਤ ਸਾਰੇ ਲੋਕ ਜੋ ਇਸਤੋਂ ਸੰਕਰਮਿਤ ਹੁੰਦੇ ਹਨ ਉਹਨਾਂ ਵਿੱਚ ਲੱਛਣ ਨਹੀਂ ਹੁੰਦੇ ਹਨ ਅਤੇ ਉਹ ਅਨਜਾਣੇ ਵਿਚ ਇਸਨੂੰ ਦੂਜਿਆਂ ਨੂੰ ਲਗਾ ਸਕਦੇ ਹਨ। ਇਸ ਲਈ ਟੈਸਟਿੰਗ ਅਤੇ ਸੁਰੱਖਿਆ ਦੀ ਵਰਤੋਂ ਕਰਨਾ ਸਭ ਤੋਂ ਮਹੱਤਵਪੂਰਨ ਤਰੀਕੇ ਹਨ ਜੋ ਅਸੀਂ ਆਸਟ੍ਰੇਲੀਆ ਵਿੱਚ ਐਸ ਟੀ ਆਈਜ਼ ਦੇ ਫੈਲਣ ਨੂੰ ਰੋਕਣ ਲਈ ਕਰ ਸਕਦੇ ਹਾਂ।

## ਆਸਟ੍ਰੇਲੀਆ ਵਿੱਚ ਸੂਚੀਬੱਧ ਐਸ ਟੀ ਆਈਜ਼ ਕਿਹੜੀਆਂ ਹਨ?

ਆਸਟ੍ਰੇਲੀਆ ਵਿੱਚ ਰਾਸ਼ਟਰੀ ਤੌਰ ‘ਤੇ ਸੂਚਿਤ ਕਰਨ ਯੋਗ ਚਾਰ ਐਸ ਟੀ ਆਈਜ਼ ਹਨ: ਸਿਫਿਲਿਸ, ਗੋਨੋਰੀਆ, ਕਲੈਮੀਡੀਆ, ਅਤੇ ਡੋਨੋਵੈਨੋਸਿਸ*।

ਇਹਨਾਂ ਐਸ ਟੀ ਆਈਜ਼ ਦੀ ਅੰਕੜੇ ਪ੍ਰਦਾਨ ਕਰਨ ਲਈ ਰਾਸ਼ਟਰੀ ਪੱਧਰ ‘ਤੇ ਨਿਗਰਾਨੀ ਕੀਤੀ ਜਾਂਦੀ ਹੈ ਜੋ ਰੁਝਾਨਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਪ੍ਰਤੀਕਿਰਿਆ ਕਰਨ ਵਿੱਚ ਮਦਦ ਕਰਦਾ ਹੈ, ਜਿਵੇਂ ਕਿ ਲਾਗਾਂ ਅਤੇ ਵੱਖ-ਵੱਖ ਭਾਈਚਾਰਿਆਂ ਵਿੱਚ ਟੈਸਟ ਕੀਤੇ ਜਾਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਤਬਦੀਲੀਆਂ। ਇਹ ਅੰਕੜੇ ਸਿਰਫ ਰਿਪੋਰਟ ਕੀਤੇ ਗਏ ਐਸ ਟੀ ਆਈਜ਼ ਲਈ ਸੰਖਿਆ ਪ੍ਰਦਾਨ ਕਰਦੇ ਹਨ - ਬਹੁਤ ਸਾਰੇ ਐਸ ਟੀ ਆਈਜ਼ ਅਣਪਛਾਤੇ ਰਹਿੰਦੇ ਹਨ, ਸੰਕਰਮਣ ਦੇ ਜੋਖਮ ਨੂੰ ਵਧਾਉਂਦੇ ਹਨ ਅਤੇ ਸੰਭਾਵੀ ਤੌਰ ‘ਤੇ ਗੰਭੀਰ, ਲੰਬੇ ਸਮੇਂ ਦੇ ਸਿਹਤ ਪ੍ਰਭਾਵਾਂ ਦਾ ਕਾਰਨ ਬਣਦੇ ਹਨ ਜੇਕਰ ਇਹਨਾਂ ਦਾ ਇਲਾਜ ਨਾ ਕੀਤਾ ਜਾਵੇ।

## ਕੀ ਆਸਟ੍ਰੇਲੀਆ ਵਿੱਚ ਐਸ ਟੀ ਆਈਜ਼ ਆਮ ਹਨ?

ਐਸ ਟੀ ਆਈਜ਼ ਦੇ ਨਿਯੰਤਰਨ ਵਿੱਚ ਸੁਧਾਰ ਦੇ ਬਾਵਜੂਦ, ਇਹ ਅਜੇ ਵੀ ਆਸਟ੍ਰੇਲੀਆ ਵਿੱਚ ਇੱਕ ਜਨਤਕ ਸਿਹਤ ਸਮੱਸਿਆ ਹੈ। ਸਿਫਿਲਿਸ, ਗੋਨੋਰੀਆ ਅਤੇ ਕਲੈਮੀਡੀਆ ਦੇ ਕੇਸਾਂ ਵਿੱਚ 2012 ਤੋਂ ਕਾਫ਼ੀ ਵਾਧਾ ਹੋਇਆ ਹੈ, ਖਾਸ ਤੌਰ ‘ਤੇ 34 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਨੌਜਵਾਨਾਂ ਵਿੱਚ, ਜੋ ਹੋਰ ਉਮਰ ਵਾਲੇ ਸਮੂਹਾਂ ਦੇ ਮੁਕਾਬਲੇ ਇਹਨਾਂ ਐਸ ਟੀ ਆਈਜ਼ ਦੇ ਸੰਕਰਮਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ।

2022 ਵਿੱਚ, ਆਸਟ੍ਰੇਲੀਆ ਵਿੱਚ ਛੂਤ ਵਾਲੇ ਸਿਫਿਲਿਸ ਦੀਆਂ ਸੂਚਨਾਵਾਂ ਇੱਕ ਇਤਿਹਾਸਕ ਉੱਚੇ ਪੱਧਰ ‘ਤੇ ਪਹੁੰਚ ਗਈਆਂ। ਇਹਨਾਂ ਸੰਕਰਮਣਾਂ ਦੀ ਇੱਕ ਵੱਡੀ ਗਿਣਤੀ ਬੱਚੇ ਪੈਦਾ ਕਰਨ ਦੀ ਉਮਰ ਦੀਆਂ ਔਰਤਾਂ ਵਿੱਚ ਸੀ, ਜਿਸ ਵਿੱਚ ਜਮਾਂਦਰੂ ਸਿਫਿਲਿਸ ਹੋਣ ਦੇ ਖਤਰੇ ਅਤੇ ਗਰਭ ਅਵਸਥਾ ਦੇ ਮਾੜੇ ਨਤੀਜਿਆਂ ਦੇ ਨਿਕਲਣ ਲਈ ਸਿਹਤ ਚਿੰਤਾਵਾਂ ਹੋ ਸਕਦੀਆਂ ਹਨ।

ਜਦੋਂ ਕਿ ਐਚ ਆਈ ਵੀ ਦੀ ਲਾਗ ਦੀ ਦਰ ਲਗਾਤਾਰ ਘਟ ਰਹੀ ਹੈ, ਐਚ ਆਈ ਵੀ ਦਾ ਫੈਲਣਾ ਅਜੇ ਵੀ ਚਿੰਤਾ ਦਾ ਵਿਸ਼ਾ ਹੈ।



* ਆਸਟ੍ਰੇਲੀਆ ਵਿਚ ਡੋਨੋਵੈਨੋਸਿਸ ਖਤਮ ਹੋਣ ਦੇ ਨੇੜੇ ਹੈ।

Beforeplay.

## ਆਸਟ੍ਰੇਲੀਆ ਵਿੱਚ ਸਭ ਤੋਂ ਆਮ ਐਸ ਟੀ ਆਈ ਕੀ ਹੈ?

ਕਲੈਮੀਡੀਆ ਆਸਟ੍ਰੇਲੀਆ ਵਿੱਚ ਸਭ ਤੋਂ ਆਮ ਐਸ ਟੀ ਆਈ ਹੈ, ਖਾਸ ਕਰਕੇ 15 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ। ਕਲੈਮੀਡੀਆ ਦੇ 85-90 ਪ੍ਰਤੀਸ਼ਤ ਮਾਮਲਿਆਂ ਵਿੱਚ ਦਿਖਾਈ ਦੇਣ ਵਾਲੇ ਲੱਛਣ ਨਹੀਂ ਹੁੰਦੇ।

## ਐਸ ਟੀ ਆਈਜ਼ ਦੇ ਕੁਝ ਆਮ ਲੱਛਣ ਕੀ ਹਨ?

ਐਸ ਟੀ ਆਈ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ ਲੱਛਣ ਵੱਖ-ਵੱਖ ਹੁੰਦੇ ਹਨ, ਅਤੇ ਬਹੁਤ ਸਾਰੇ ਲੋਕ ਜੋ ਸੰਕਰਮਿਤ ਹੋ ਜਾਂਦੇ ਹਨ, ਉਨ੍ਹਾਂ ਵਿੱਚ ਲੱਛਣ ਨਹੀਂ ਹੁੰਦੇ। ਨਿਯਮਤ ਜਾਂਚ ਹੀ ਇਹ ਯਕੀਨੀ ਬਣਾਉਣ ਦਾ ਇੱਕੋ ਇੱਕ ਤਰੀਕਾ ਹੈ ਕਿ ਕੀ ਤੁਹਾਨੂੰ ਐਸ ਟੀ ਆਈ ਹੈ ਜਾਂ ਨਹੀਂ।

ਆਮ ਲੱਛਣਾਂ ਵਿੱਚ ਸ਼ਾਮਲ ਹਨ:

- ਜਣਨ ਅੰਗਾਂ ਜਾਂ ਆਲੇ-ਦੁਆਲੇ ਦੇ ਖੇਤਰ ਜਾਂ ਸੰਪਰਕ ਖੇਤਰ ਉਦਾਹਰਨ ਲਈ, ਗੁਦਾ ਅਤੇ ਮੂੰਹ ਦੇ ਆਲੇ-ਦੁਆਲੇ 'ਤੇ ਸੋਜ, ਖੁਜਲੀ, ਜਾਂ ਧੱਫੜ।
- ਜਣਨ ਅੰਗਾਂ ਜਾਂ ਆਲੇ-ਦੁਆਲੇ ਦੇ ਖੇਤਰ ਜਾਂ ਸੰਪਰਕ ਖੇਤਰ ਉਦਾਹਰਨ ਲਈ, ਗੁਦਾ ਅਤੇ ਮੂੰਹ ਦੇ ਆਲੇ-ਦੁਆਲੇ 'ਤੇ ਝੁਰੜੀਆਂ, ਜ਼ਖਮ ਜਾਂ ਮੱਸੇ।
- ਯੋਨੀ, ਲਿੰਗ ਜਾਂ ਗੁਦਾ ਤੋਂ ਅਸਧਾਰਨ ਰਿਸਾਅ ਜਿਸ ਵਿੱਚ ਖੂਨ ਵਹਿਣਾ ਵੀ ਸ਼ਾਮਲ ਹੈ।
- ਜ਼ਖਮ ਜਾਂ ਫੋੜੇ ਸਮੇਤ ਚਮੜੀ ਦੇ ਬਦਲਾਅ।
- ਪਿਸ਼ਾਬ ਕਰਦੇ ਸਮੇਂ ਦਰਦ ਹੋਣਾ।
- ਸੰਭੋਗ ਦੌਰਾਨ ਦਰਦ।
- ਅਨਿਯਮਿਤ ਖੂਨ ਵਹਿਣਾ, ਖਾਸ ਕਰਕੇ ਮਾਹਵਾਰੀਆਂ ਦੇ ਵਿਚਕਾਰ ਅਤੇ ਸੰਭੋਗ ਤੋਂ ਬਾਅਦ।

## ਜੇ ਤੁਸੀਂ ਸੰਭੋਗ ਨਹੀਂ ਕਰਦੇ ਹੋ ਤਾਂ ਕੀ ਤੁਹਾਨੂੰ ਐਸ ਟੀ ਆਈਜ਼ ਹੋ ਸਕਦੀਆਂ ਹਨ?

ਹਾਂ। ਕੁਝ ਐਸ ਟੀ ਆਈਜ਼ ਚਮੜੀ ਤੋਂ ਚਮੜੀ ਦੇ ਨਜ਼ਦੀਕੀ ਸੰਪਰਕ ਜਾਂ ਚੁੰਮਣ ਦੁਆਰਾ ਫੈਲ ਸਕਦੀਆਂ ਹਨ, ਜਿਵੇਂ ਕਿ ਹਰਪੀਜ਼, ਸਿਫਿਲਿਸ, ਐਮ ਪੌਕਸ ਅਤੇ ਐਚ ਪੀ ਵੀ ਦੀ ਲਾਗ।

## ਕੀ ਤੁਸੀਂ ਮੌਖਿਕ ਸੈਕਸ ਤੋਂ ਐਸ ਟੀ ਆਈਜ਼ ਨਾਲ ਸੰਕ੍ਰਮਿਤ ਹੋ ਸਕਦੇ ਹੋ?

ਹਾਂ। ਸਿਫਿਲਿਸ, ਗੋਨੋਰੀਆ, ਕਲੈਮੀਡੀਆ, ਐਮਪੌਕਸ, ਅਤੇ ਜਣਨ ਅੰਗ ਹਰਪੀਜ਼ ਸਮੇਤ ਕਈ ਐਸ ਟੀ ਆਈਜ਼ ਮੌਖਿਕ ਸੈਕਸ ਦੁਆਰਾ ਫੈਲ ਸਕਦੀਆਂ ਹਨ।

## ਮੈਂ ਐਸ ਟੀ ਆਈ ਤੋਂ ਕਿਵੇਂ ਬੱਚ ਸਕਦਾ/ਸਕਦੀ ਹਾਂ?

ਕੁਝ ਤਰੀਕੇ ਹਨ ਜਿਹਨਾਂ ਨਾਲ ਤੁਸੀਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਐਸ ਟੀ ਆਈ ਹੋਣ ਤੋਂ ਬਚਾ ਸਕਦੇ ਹੋ:

- ਨਿਯਮਿਤ ਤੌਰ 'ਤੇ ਟੈਸਟ ਕਰਵਾਓ।
- ਇੱਕ ਬਚਾਅ ਕਾਰਨ ਵਾਲੇ ਗਰਭ ਨਿਰੋਧਕ ਦੀ ਵਰਤੋਂ ਕਰੋ, ਜਿਵੇਂ ਕਿ ਸੁਰੱਖਿਆ ਲਈ ਕੌਂਡਮ।
- ਕੌਂਡਮ-ਸੁਰੱਖਿਅਤ ਲੁਬਰੀਕੈਂਟ (ਜਿਵੇਂ ਕਿ ਪਾਣੀ ਜਾਂ ਸਿਲੀਕੋਨ ਆਧਾਰਿਤ) ਦੀ ਵਰਤੋਂ ਕਰਨ ਨਾਲ ਕੰਡੋਮ ਨੂੰ ਫਟਣ ਤੋਂ ਰੋਕਣ ਵਿੱਚ ਮਦਦ ਮਿਲ ਸਕਦੀ ਹੈ।
- ਹਰ ਵਾਰ ਜਦੋਂ ਤੁਸੀਂ ਮੂੰਹ, ਗੁਦਾ ਜਾਂ ਯੋਨੀ ਸੈਕਸ ਵਿਚਕਾਰ ਬਦਲਦੇ ਹੋ ਤਾਂ ਇੱਕ ਨਵਾਂ ਕੌਂਡਮ ਵਰਤੋ।
- ਜੇ ਸੈਕਸ ਖਿਡੌਣਿਆਂ ਦੀ ਸਾਂਝੀ ਵਰਤੋਂ ਕਰਦੇ ਹੋ ਤਾਂ ਹਰੇਕ ਵਿਅਕਤੀ ਲਈ ਇੱਕ ਨਵਾਂ ਕੌਂਡਮ ਵਰਤੋ।
- ਆਪਣੇ ਸਾਥੀ(ਆਂ) ਨੂੰ ਦੱਸੋ ਜੇਕਰ ਤੁਹਾਨੂੰ ਐਸ ਟੀ ਆਈ ਹੋਣ ਦਾ ਪਤਾ ਲੱਗਿਆ ਹੈ।
- ਜਿੱਥੇ ਉਚਿਤ ਹੋਵੇ, ਐਚ ਪੀ ਵੀ ਅਤੇ ਹੈਪੇਟਾਈਟਸ ਬੀ (ਐਚ ਬੀ ਵੀ) ਲਾਗਾਂ ਦੇ ਵਿਰੁੱਧ ਟੀਕਾਕਰਨ ਕਰਵਾਓ।

## ਕੀ ਕੌਂਡਮ ਤੁਹਾਨੂੰ ਸਾਰੀਆਂ ਐਸ ਟੀ ਆਈਜ਼ ਤੋਂ ਬਚਾਉਂਦੇ ਹਨ?

ਨਹੀਂ। ਕੌਂਡਮ ਤੁਹਾਡੇ ਸਰੀਰ ਦੇ ਉਹਨਾਂ ਹਿੱਸਿਆਂ ਦੀ ਸੁਰੱਖਿਆ ਨਹੀਂ ਕਰਦੇ ਹਨ ਜੋ ਕੌਂਡਮ ਦੁਆਰਾ ਢੱਕੇ ਨਹੀਂ ਜਾਂਦੇ। ਹਰਪੀਜ਼, ਜਣਨ ਅੰਗਾਂ ਦੇ ਮੱਸੇ, ਸਿਫਿਲਿਸ ਅਤੇ ਐਮ ਪੌਕਸ ਚਮੜੀ ਤੋਂ ਚਮੜੀ ਦੇ ਸੰਪਰਕ ਰਾਹੀਂ ਫੈਲ ਸਕਦੇ ਹਨ।

ਹਾਲਾਂਕਿ, ਕੌਂਡਮ ਕਈ ਹੋਰ ਐਸ ਟੀ ਆਈਜ਼, ਜਿਵੇਂ ਕਿ ਕਲੈਮੀਡੀਆ, ਗੋਨੋਰੀਆ ਅਤੇ ਐਚ ਆਈ ਵੀ ਦੇ ਵਿਰੁੱਧ ਬਹੁਤ ਪ੍ਰਭਾਵਸ਼ਾਲੀ ਹੁੰਦੇ ਹਨ।

ਨਿਯਮਤ ਜਾਂਚ ਅਤੇ ਕੌਂਡਮ ਦੀ ਵਰਤੋਂ ਸਾਰੇ ਐਸ ਟੀ ਆਈਜ਼ ਦੇ ਵਿਰੁੱਧ ਸਭ ਤੋਂ ਵਧੀਆ ਸੁਰੱਖਿਆ ਪ੍ਰਦਾਨ ਕਰਦੀ ਹੈ।

## ਕੀ ਗਰਭ ਨਿਰੋਧਕ ਗੋਲੀ ਲੈਣ ਨਾਲ ਮੈਂ ਐਸ ਟੀ ਆਈ ਹੋਣ ਤੋਂ ਬੱਚ ਜਾਵਾਂਗਾ/ਗੀ?

ਨਹੀਂ। ਗਰਭ ਨਿਰੋਧਕ ਗੋਲੀ ਐਸ ਟੀ ਆਈਜ਼ ਤੋਂ ਸੁਰੱਖਿਆ ਨਹੀਂ ਦਿੰਦੀ।

## ਕੀ ਇੱਕ ਗਰਭਵਤੀ ਔਰਤ ਤੋਂ ਉਸਦੇ ਬੱਚੇ ਨੂੰ ਐਸ ਟੀ ਆਈ ਅੱਗੇ ਜਾ ਸਕਦੀ ਹੈ?

ਹਾਂ। ਸਿਫਿਲਿਸ ਸਮੇਤ ਕੁਝ ਐਸ ਟੀ ਆਈਜ਼ ਗਰਭ ਅਵਸਥਾ ਦੌਰਾਨ ਅਣਜੰਮੇ ਬੱਚੇ ਨੂੰ ਅੱਗੇ ਜਾ ਸਕਦੀਆਂ ਹਨ। ਹੋਰ ਐਸ ਟੀ ਆਈਜ਼, ਜਿਵੇਂ ਕਿ ਗੋਨੋਰੀਆ, ਕਲੈਮੀਡੀਆ, ਹੈਪੇਟਾਈਟਸ ਬੀ, ਅਤੇ ਜਣਨ ਅੰਗਾਂ ਦੀ ਹਰਪੀਜ਼, ਮਾਂ ਤੋਂ ਬੱਚੇ ਵਿੱਚ ਸੰਚਾਰਿਤ ਹੋ ਸਕਦੀਆਂ ਹਨ ਕਿਉਂਕਿ ਬੱਚਾ ਜਨਮ ਨਾਲੀ ਵਿੱਚੋਂ ਲੰਘਦਾ ਹੈ।

ਐੱਚ ਆਈ ਵੀ, ਸਿਫਿਲਿਸ ਅਤੇ ਹਰਪੀਜ਼ ਛਾਤੀ ਦਾ ਦੁੱਧ ਚੁੰਘਾਉਣ ਦੌਰਾਨ ਬੱਚਿਆਂ ਨੂੰ ਸੰਚਾਰਿਤ ਕੀਤਾ ਜਾ ਸਕਦਾ ਹੈ।

ਜੇ ਇਲਾਜ ਨਾ ਕੀਤਾ ਜਾਵੇ ਤਾਂ ਗੋਨੋਰੀਆ ਅਤੇ ਕਲੈਮੀਡੀਆ ਬਾਂਝਪਨ ਦਾ ਕਾਰਨ ਵੀ ਬਣ ਸਕਦੇ ਹਨ।

ਗਰਭਵਤੀ ਲੋਕ, ਜਾਂ ਜੋ ਲੋਕ ਗਰਭ ਧਾਰਨ ਕਰਨਾ ਚਾਹੁੰਦੇ ਹਨ, ਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਐਸ ਟੀ ਆਈ ਟੈਸਟ ਬਾਰੇ ਗੱਲ ਕਰਨੀ ਚਾਹੀਦੀ ਹੈ।

## ਤੁਹਾਨੂੰ ਐਸ ਟੀ ਆਈਜ਼ ਲਈ ਕਿੰਨੀ ਵਾਰ ਟੈਸਟ ਕਰਵਾਉਣਾ ਚਾਹੀਦਾ ਹੈ?

ਨਿਯਮਤ ਜਿਨਸੀ ਸਿਹਤ ਜਾਂਚਾਂ ਮਹੱਤਵਪੂਰਨ ਹਨ ਕਿਉਂਕਿ ਐਸ ਟੀ ਆਈਜ਼ ਹਮੇਸ਼ਾ ਲੱਛਣ ਨਹੀਂ ਦਿਖਾਉਂਦੀਆਂ ਹਨ।

ਜਿਹੜੇ ਲੋਕ ਜਿਨਸੀ ਤੌਰ 'ਤੇ ਸਰਗਰਮ ਹਨ - ਭਾਵੇਂ ਉਨ੍ਹਾਂ ਦਾ ਸਿਰਫ਼ ਇੱਕ ਸਾਥੀ ਹੋਵੇ - ਨੂੰ ਸਿਫਿਲਿਸ, ਕਲੈਮੀਡੀਆ, ਅਤੇ ਗੋਨੋਰੀਆ ਲਈ ਨਿਯਮਤ ਐਸ ਟੀ ਆਈ ਟੈਸਟ ਕਰਵਾਉਣਾ ਚਾਹੀਦਾ ਹੈ।

ਜਿਹੜੇ ਮਰਦ ਮਰਦਾਂ ਨਾਲ ਸੰਭੋਗ ਕਰਦੇ ਹਨ ਉਹਨਾਂ ਦੀ ਸਾਲਾਨਾ ਜਿਨਸੀ ਸਿਹਤ ਜਾਂਚ ਦੇ ਹਿੱਸੇ ਵਜੋਂ ਐੱਚ ਆਈ ਵੀ ਲਈ ਵੀ ਟੈਸਟ ਕੀਤਾ ਜਾਣਾ ਚਾਹੀਦਾ ਹੈ। ਪਿਛਲੇ ਤਿੰਨ ਮਹੀਨਿਆਂ ਵਿੱਚ ਕਿਸੇ ਹੋਰ ਮਰਦ ਨਾਲ ਕਿਸੇ ਵੀ ਕਿਸਮ ਦਾ ਸੈਕਸ ਕਰਨ ਵਾਲੇ ਸਾਰੇ ਮਰਦਾਂ ਲਈ ਹਰ ਤਿੰਨ ਮਹੀਨਿਆਂ ਵਿੱਚ ਐਸ ਟੀ ਆਈਜ਼ ਲਈ ਟੈਸਟ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਜੇਕਰ ਤੁਹਾਡੇ ਸਾਥੀ ਨੂੰ ਹਾਲ ਹੀ ਵਿੱਚ ਐਸ ਟੀ ਆਈ ਹੋਈ ਹੈ ਜਾਂ ਤੁਸੀਂ ਇੱਕ ਨਵਾਂ ਸਾਥੀ ਬਣਾਇਆ ਹੈ ਤਾਂ ਤੁਹਾਨੂੰ ਜਿਨਸੀ ਸਿਹਤ ਜਾਂਚ ਕਰਵਾਉਣ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਇਸ ਬਾਰੇ ਸਲਾਹ ਦੇ ਸਕਦਾ ਹੈ ਕਿ ਤੁਹਾਨੂੰ ਕਿੰਨੀ ਵਾਰ ਟੈਸਟ ਕਰਵਾਉਣਾ ਚਾਹੀਦਾ ਹੈ

## ਐਸ ਟੀ ਆਈ ਟੈਸਟ ਦੌਰਾਨ ਕੀ ਹੁੰਦਾ ਹੈ?

ਤੁਸੀਂ ਕਿਸੇ ਸਥਾਨਕ ਕਲੀਨਿਕ ਜਾਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਕੋਲ ਜਾਂਚ ਕਰਵਾ ਸਕਦੇ ਹੋ - ਬਿਨਾਂ ਕਿਸੇ ਰੈਫ਼ਰਲ ਦੇ।

ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਹਾਡੇ ਲਈ ਕੀ ਟੈਸਟ ਕੀਤਾ ਜਾ ਰਿਹਾ ਹੈ, ਤੁਹਾਨੂੰ ਖੂਨ ਜਾਂ ਪਿਸ਼ਾਬ ਦਾ ਨਮੂਨਾ ਦੇਣ ਲਈ ਕਿਹਾ ਜਾ ਸਕਦਾ ਹੈ, ਜਾਂ ਗਲੇ, ਯੋਨੀ ਜਾਂ ਗੁਦਾ ਦਾ ਫੰਬਾ ਦੇਣ ਲਈ ਕਿਹਾ ਜਾ ਸਕਦਾ ਹੈ, ਜੋ ਤੁਸੀਂ ਆਮ ਤੌਰ 'ਤੇ ਆਪਣੇ ਆਪ ਕਰ ਸਕਦੇ ਹੋ। ਇਹ ਜਲਦੀ ਨਾਲ ਹੋਣ ਵਾਲਾ ਅਤੇ ਆਸਾਨ ਹੈ। ਟੈਸਟ ਦੇ ਨਤੀਜੇ ਆਮ ਤੌਰ 'ਤੇ ਤੁਹਾਡੀ ਮੁਲਾਕਾਤ ਦੇ ਇੱਕ ਹਫ਼ਤੇ ਦੇ ਅੰਦਰ ਵਾਪਸ ਆ ਜਾਂਦੇ ਹਨ ਅਤੇ ਗੁਪਤ ਰੱਖੇ ਜਾਂਦੇ ਹਨ।

ਨਤੀਜੇ ਫ਼ੋਨ 'ਤੇ ਦਿੱਤੇ ਜਾ ਸਕਦੇ ਹਨ, ਟੈਕਸਟ ਮੈਸਜ ਰਾਹੀਂ ਭੇਜੇ ਜਾ ਸਕਦੇ ਹਨ ਜਾਂ ਤੁਹਾਨੂੰ ਇੱਕ ਹੋਰ ਮੁਲਾਕਾਤ ਕਰਨ ਲਈ ਕਿਹਾ ਜਾ ਸਕਦਾ ਹੈ।

ਕਿਉਂਕਿ ਐਸ ਟੀ ਆਈ ਟੈਸਟ ਵੱਖ-ਵੱਖ ਕਿਸਮਾਂ ਦੇ ਹੁੰਦੇ ਹਨ, ਇਸ ਲਈ ਕਿਸੇ ਸਿਹਤ ਸੰਭਾਲ ਪੇਸ਼ੇਵਰ ਨਾਲ ਆਪਣੀ ਸਥਿਤੀ ਬਾਰੇ ਚਰਚਾ ਕਰਨਾ ਚੰਗਾ ਵਿਚਾਰ ਹੈ। ਉਹ ਤੁਹਾਡੇ ਜੋਖਮ ਦਾ ਮੁਲਾਂਕਣ ਕਰ ਸਕਦੇ ਹਨ ਅਤੇ ਫੈਸਲਾ ਕਰ ਸਕਦੇ ਹਨ ਕਿ ਤੁਹਾਨੂੰ ਕਿਹੜੇ ਟੈਸਟਾਂ ਦੀ ਲੋੜ ਹੈ।

## ਮੇਰੇ ਟੈਸਟ ਦੇ ਨਤੀਜੇ ਕੌਣ ਦੇਖ ਸਕਦਾ ਹੈ?

ਜ਼ਿਆਦਾਤਰ ਮਾਮਲਿਆਂ ਵਿੱਚ ਤੁਹਾਡੇ ਐਸ ਟੀ ਆਈ ਟੈਸਟ ਦੇ ਨਤੀਜੇ ਗੁਪਤ ਹੋਣਗੇ, ਜਿਵੇਂ ਕਿ ਤੁਹਾਡੇ ਬਾਰੇ ਇਕੱਠੀ ਕੀਤੀ ਗਈ ਹੋਰ ਸਿਹਤ ਸੰਭਾਲ ਜਾਣਕਾਰੀ। ਪਰ ਇਸ ਵਿੱਚ ਕੁਝ ਛੋਟਾਂ ਹਨ, ਇਸ ਲਈ ਜੇਕਰ ਇਹ ਤੁਹਾਡੇ ਲਈ ਚਿੰਤਾ ਦਾ ਵਿਸ਼ਾ ਹੈ, ਤਾਂ ਤੁਹਾਨੂੰ ਇਸ ਬਾਰੇ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਗੱਲ ਕਰਨੀ ਚਾਹੀਦੀ ਹੈ। ਸੂਚਨਾ ਦੇਣ ਯੋਗ ਐਸ ਟੀ ਆਈਜ਼ ਲਈ ਪੌਜ਼ਿਟਿਵ ਕੇਸਾਂ ਦੀ ਰਿਪੋਰਟ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਸਰਕਾਰ ਨੂੰ ਕੀਤੀ ਜਾਂਦੀ ਹੈ, ਪਰ ਇਹਨਾਂ ਨੂੰ ਨੰਬਰਾਂ ਦੇ ਰੂਪ ਵਿੱਚ ਰਿਪੋਰਟ ਕੀਤਾ ਜਾਂਦਾ ਹੈ - ਕੋਈ ਨਿੱਜੀ ਪਛਾਣ ਵਾਲੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ।

## ਤੁਸੀਂ ਐਸ ਟੀ ਆਈ ਟੈਸਟ ਕਿੱਥੋਂ ਕਰਵਾ ਸਕਦੇ ਹੋ?

ਤੁਸੀਂ ਇੱਥੇ ਟੈਸਟ ਕਰਵਾ ਸਕਦੇ ਹੋ:

- ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਜਾਂ ਕਿਸੇ ਜੀ.ਪੀ. ਕੋਲੋਂ
- ਜਿਨਸੀ ਅਤੇ ਪ੍ਰਜਨਨ ਸਿਹਤ ਸੇਵਾਵਾਂ
- ਆਦਿਵਾਸੀ ਭਾਈਚਾਰਕ ਨਿਯੰਤਰਿਤ ਸਿਹਤ ਸੰਸਥਾਵਾਂ
- ਭਾਈਚਾਰਕ ਸਿਹਤ ਕੇਂਦਰ
- ਮੈਡੀਕੇਅਰ ਜ਼ਰੂਰੀ ਦੇਖਭਾਲ ਕਲੀਨਿਕ।

ਆਪਣੇ ਖੇਤਰ ਵਿੱਚ ਸਿਹਤ ਸੰਭਾਲ ਪ੍ਰਦਾਤੇ ਨੂੰ ਲੱਭਣ ਲਈ health.gov.au/STI 'ਤੇ ਜਾਓ ਅਤੇ ਹੈਲਥ ਡਾਇਰੈਕਟ ਸਰਵਿਸ ਫਾਈਂਡਰ ਲਿੰਕ 'ਤੇ ਕਲਿੱਕ ਕਰੋ।

## ਇੱਕ ਐਸ ਟੀ ਆਈ ਟੈਸਟ ਤੇ ਕਿੰਨਾ ਖਰਚਾ ਆਉਂਦਾ ਹੈ?

ਹਾਲਾਂਕਿ ਜੀ.ਪੀ. ਦੀਆਂ ਫੀਸਾਂ ਵੱਖੋ-ਵੱਖਰੀਆਂ ਹੋ ਸਕਦੀਆਂ ਹਨ, ਪੈਥੋਲੋਜੀ ਟੈਸਟਾਂ ਨੂੰ ਅਕਸਰ ਬਲਕ ਬਿਲ ਕੀਤਾ ਜਾਂਦਾ ਹੈ, ਇਸ ਲਈ ਇਹ ਮੁਫਤ ਵੀ ਹੋ ਸਕਦੇ ਹਨ ਜੇਕਰ ਤੁਹਾਡੇ ਕੋਲ ਮੈਡੀਕੇਅਰ ਕਾਰਡ ਹੈ। ਜਿਨਸੀ ਸਿਹਤ ਕਲੀਨਿਕ ਅਕਸਰ ਮੁਫਤ ਹੁੰਦੇ ਹਨ ਅਤੇ ਆਮ ਤੌਰ 'ਤੇ ਤੁਸੀਂ ਬਿਨਾਂ ਮੁਲਾਕਾਤ ਜਾਂ ਰੈਫਰਲ ਦੇ ਇੱਥੇ ਜਾ ਸਕਦੇ ਹੋ।

## ਜੇਕਰ ਮੇਰਾ ਟੈਸਟ ਪੌਜ਼ਿਟਿਵ ਆਉਂਦਾ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਹਾਡੇ ਟੈਸਟ ਦੇ ਨਤੀਜੇ ਪੌਜ਼ਿਟਿਵ ਆਉਂਦੇ ਹਨ ਤਾਂ ਤੁਹਾਡਾ ਸਿਹਤ ਸੰਭਾਲ ਪੇਸ਼ੇਵਰ ਤੁਹਾਨੂੰ ਸੂਚਿਤ ਕਰੇਗਾ ਅਤੇ ਤੁਹਾਡੇ ਨਾਲ ਇਲਾਜ ਦੇ ਵਿਕਲਪਾਂ 'ਤੇ ਚਰਚਾ ਕਰੇਗਾ।

ਜੇਕਰ ਜਲਦੀ ਪਤਾ ਲਗ ਜਾਵੇ, ਤਾਂ ਜ਼ਿਆਦਾਤਰ ਐਸ ਟੀ ਆਈਜ਼ ਦਾ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ, ਅਤੇ ਆਮ ਤੌਰ 'ਤੇ ਇਲਾਜਯੋਗ ਹੈ।

ਤੁਹਾਨੂੰ ਤੁਹਾਡੇ ਹੈਲਥਕੇਅਰ ਪੇਸ਼ੇਵਰ ਦੁਆਰਾ ਸਲਾਹ ਦਿੱਤੀ ਜਾਵੇਗੀ ਕਿ ਤੁਸੀਂ ਆਪਣੇ ਜਿਨਸੀ ਸਾਥੀਆਂ ਨੂੰ ਇਹ ਦੱਸਣ ਲਈ ਸੰਪਰਕ ਕਰੋ ਕਿ ਤੁਹਾਡਾ ਟੈਸਟ ਪੌਜ਼ਿਟਿਵ ਆਇਆ ਹੈ ਤਾਂ ਜੋ ਉਹਨਾਂ ਦੀ ਜਾਂਚ ਅਤੇ ਇਲਾਜ ਵੀ ਕੀਤਾ ਜਾ ਸਕੇ (ਔਨਲਾਈਨ ਸਾਧਨ ਜਿਵੇਂ letthemknow.org.au ਜਾਂ bettertoknow.org.au ਅਜਿਹਾ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ, ਅਤੇ ਤੁਸੀਂ ਅਗਿਆਤ ਰਹਿਣ ਦੀ ਵੀ ਚੋਣ ਕਰ ਸਕਦੇ ਹੋ)।

ਤੁਹਾਡਾ ਹੈਲਥਕੇਅਰ ਪੇਸ਼ੇਵਰ ਸਲਾਹ ਦੇਵੇਗਾ ਕਿ ਇਲਾਜ ਪੂਰਾ ਕਰਨ ਤੋਂ ਬਾਅਦ ਫੇਰ ਸੈਕਸ ਕਰਨ ਤੋਂ ਪਹਿਲਾਂ ਕਿੰਨਾ ਸਮਾਂ ਉਡੀਕ ਕਰਨੀ ਚਾਹੀਦੀ ਹੈ।

## ਐਸ ਟੀ ਆਈਜ਼ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?

ਸਭ ਤੋਂ ਆਮ ਐਸ ਟੀ ਆਈਜ਼, ਆਮ ਤੌਰ 'ਤੇ ਐਂਟੀਬਾਇਓਟਿਕਸ ਜਾਂ ਐਂਟੀਵਾਇਰਲਾਂ ਨਾਲ ਇਲਾਜਯੋਗ ਹਨ। ਸਾਰੀਆਂ ਐਸ ਟੀ ਆਈਜ਼ ਦੇ ਪ੍ਰਬੰਧਨ ਅਤੇ ਗੰਭੀਰ ਸਿਹਤ ਮੁਸ਼ਕਿਲਾਂ ਨੂੰ ਰੋਕਣ ਲਈ ਜਲਦੀ ਪਤਾ ਲਗਾਉਣਾ ਅਤੇ ਇਲਾਜ ਬਹੁਤ ਜ਼ਰੂਰੀ ਹੈ - ਇਸ ਲਈ ਨਿਯਮਤ ਜਾਂਚ ਬਹੁਤ ਮਹੱਤਵਪੂਰਨ ਹੈ, ਭਾਵੇਂ ਤੁਹਾਨੂੰ ਕੋਈ ਲੱਛਣ ਨਾ ਵੀ ਹੋਣ।

## ਕੀ ਕੋਈ ਐਸ ਟੀ ਆਈਜ਼ ਹੈ ਜਿਸਦਾ ਕੋਈ ਇਲਾਜ ਨਹੀਂ ਹੈ?

ਹਾਲਾਂਕਿ ਸਾਰੀਆਂ ਐਸ ਟੀ ਆਈਜ਼ ਦੀ ਅਸਰਦਾਰ ਢੰਗ ਨਾਲ ਰੋਕਥਾਮ ਕੀਤੀ ਜਾ ਸਕਦੀ ਹੈ, ਪਰ ਕੁਝ ਦੇ ਇਲਾਜ ਨਹੀਂ ਹਨ। ਉਦਾਹਰਨ ਲਈ, ਗੋਨੋਰੀਆ ਅਤੇ ਕਲੈਮੀਡੀਆ ਦੋਵੇਂ ਇਲਾਜਯੋਗ ਅਤੇ ਠੀਕ ਹੋਣ ਯੋਗ ਹਨ, ਜਦੋਂ ਕਿ ਹਰਪੀਜ਼ ਅਤੇ ਐੱਚ ਆਈ ਵੀ ਇਲਾਜਯੋਗ ਨਹੀਂ ਹਨ, ਪਰ ਇਹਨਾਂ ਦਾ ਵੱਖ-ਵੱਖ ਦਵਾਈਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਨ ਕੀਤਾ ਜਾ ਸਕਦਾ ਹੈ। ਬਹੁਤ ਸਾਰੇ ਮਾਮਲਿਆਂ ਵਿੱਚ, ਵਾਇਰਸ ਨੂੰ ਨਿਯੰਤਰਿਤ ਕਰਨ ਵਿੱਚ ਮਦਦ ਕਰਨ ਅਤੇ ਲੱਛਣਾਂ ਨੂੰ ਰੋਕਣ ਅਤੇ ਇਸਦੇ ਜਿਨਸੀ ਸਾਥੀਆਂ ਵਿੱਚ ਅੱਗੇ ਫੈਲਣ ਤੋਂ ਰੋਕਣ ਵਿੱਚ ਮਦਦ ਕਰਨ ਲਈ ਇਲਾਜ ਹਨ।

**ਸੁਰੱਖਿਆ ਦੀ ਵਰਤੋਂ ਕਰੋ ਅਤੇ ਅੱਜ ਹੀ ਜਾਂਚ ਬੁੱਕ ਕਰੋ।**
**ਹੋਰ ਜਾਣਕਾਰੀ ਲਈ health.gov.au/STI 'ਤੇ ਜਾਓ।**



Australian Government

Beforeplay.